27 ਮਾਰਚ, 2022

<u>ਜਨਤਕ ਸੂਚਨਾ</u>

<u>ਭੁਗਤਾਨ-ਵਾਪਸੀ ਲਈ ਅਸਲ ਸਰਟੀਫਿਕੇਟ ਜਮ੍ਹਾਂ ਕਰਵਾਉਣ ਸਬੰਧੀ</u>

1) ਜਸਟਿਸ (ਰਿਟਾ) ਆਰ. ਐਮ. ਲੋਧਾ ਕਮੇਟੀ ਵੱਲੋਂ (PACL ਦੇ ਮਾਮਲੇ) ("ਕਮੇਟੀ") ਸਬੰਧੀ ਉਨ੍ਹਾਂ ਯੋਗ ਨਿਵੇਸ਼ਕਾਂ, ਜਿਨ੍ਹਾਂ ਦੀਆਂ ਦਰਖਾਸਤਾਂ ਦੀ ਪੁਸ਼ਟੀ ਸਫਲਤਾਪੂਰਵਕ ਹੋ ਚੁੱਕੀ ਹੈ, ਤੋਂ ਅਸਲ PACL ਰਜਿਸਟ੍ਰੇਸ਼ਨ ਸਰਟੀਫਿਕੇਟਾਂ ਨੂੰ ₹10,001 ਤੋਂ ₹ 15,000/- ਤੱਕ ਦੇ ਕਲੇਮ ਸਮੇਤ ਮੰਗਵਾਉਣ ਦਾ ਫ਼ੈਸਲਾ ਕੀਤਾ ਹੈ। ਇਸਨੂੰ ਕਰਨ ਲਈ, ਯੋਗ ਨਿਵੇਸ਼ਕਾਂ ਨੂੰ PACL ਦੇ ਅਸਲ ਰਜਿਸਟ੍ਰੇਸ਼ਨ ਸਰਟੀਫਿਕੇਟ ਜਮ੍ਹਾਂ ਕਰਾਉਣ ਲਈ SMS ਭੇਜੇ ਜਾਣਗੇ।

2) PACL ਦੇ ਨਿਵੇਸ਼ਕ ਜਿਨ੍ਹਾਂ ਨੂੰ PACL ਵੱਲੋਂ ਜਾਰੀ ਕੀਤੇ ਗਏ ਅਸਲ ਸਰਟੀਫਿਕੇਟ ਨੂੰ ਜਮ੍ਹਾਂ ਕਰਵਾਉਣ ਸਬੰਧੀ ਕਮੇਟੀ ਵੱਲੋਂ SMS ਆ ਰਹੇ ਹਨ, ਉਨ੍ਹਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਅਸਲ ਸਰਟੀਫਿਕੇਟ ਨੂੰ **P.O Box No.66, Belapur Post Office, Navi Mumbai – 400614** ਵਿਖੇ ਭੇਜਣ।

3) ਨਿਵੇਸ਼ਕਾਂ ਵੱਲੋਂ **ਸਿਰਫ਼ PACL ਦੇ ਅਸਲ ਸਰਟੀਫਿਕੇ**ਟਾਂ ਨੂੰ ਬੰਦ ਲਿਫ਼ਾਫ਼ੇ ਵਿੱਚ ਭੇਜਿਆ ਜਾਣਾ ਚਾਹੀਦਾ ਹੈ ਅਤੇ <u>ਲਿਫ਼ਾਫ਼ੇ ਉੱਤੇ ਸਰਟੀਫਿਕੇਟ ਦਾ ਨੰਬਰ ਲਿਖਿਆ ਜਾਣਾ ਚਾਹੀਦਾ ਹੈ</u>। ਇੱਕ ਲਿਫ਼ਾਫ਼ੇ ਵਿੱਚ ਸਿਰਫ਼ 1 (ਇੱਕ) ਹੀ ਅਸਲ ਸਰਟੀਫਿਕੇਟ ਭੇਜਿਆ ਜਾਣਾ ਚਾਹੀਦਾ ਹੈ।

4) ਅਸਲ ਸਰਟੀਫਿਕੇਟਾਂ ਨੂੰ ਪ੍ਰਾਪਤ ਕਰਨ ਲਈ ਵਿੰਡੋ **<u>01 ਅਪ੍ਰੈਲ 2022 ਤੋਂ 30 ਜੂਨ 2022</u>** ਤੱਕ ਖੁੱਲੀ ਰਹੇਗੀ।

5) ਨਿਵੇਸ਼ਕਾਂ ਨੂੰ ਇਹ ਯਕੀਨ ਦਿਲਵਾਉਣਾ ਚਾਹੀਦਾ ਹੈ ਕਿ PACL ਦੇ ਅਸਲ ਰਜਿਸਟ੍ਰੇਸ਼ਨ ਸਰਟੀਫਿਕੇਟ ਪੈਰਾ ਨੰਬਰ 2 ਵਿੱਚ ਦਿੱਤੇ ਪਤੇ 'ਤੇ 30 ਜੂਨ 2022 ਨੂੰ ਸ਼ਾਮ 5:00 ਵਜੇ ਤੱਕ ਪੁੱਜ ਜਾਣਾ ਚਾਹੀਦਾ ਹੈ।

6) ਇਸ ਤੋਂ ਇਲਾਵਾ, ਨਿਵੇਸ਼ਕਾਂ ਨੂੰ ਉਨ੍ਹਾਂ ਦੇ ਅਸਲ PACL ਰਜਿਸਟ੍ਰੇਸ਼ਨ ਸਰਟੀਫਿਕੇਟ ਨੂੰ ਉਦੋਂ ਤੱਕ ਨਾ ਭੇਜਣ ਲਈ ਸਾਵਧਾਨ ਕੀਤਾ ਜਾਂਦਾ ਹੈ ਜਦੋਂ ਤੱਕ ਕਿ ਕਮੇਟੀ ਵੱਲੋਂ ਅਸਲ ਸਰਟੀਫਿਕੇਟ ਜਮ੍ਹਾਂ ਕਰਾਉਣ ਦੀ ਲੋੜ ਲਈ SMS ਪ੍ਰਾਪਤ ਨਹੀਂ ਹੁੰਦਾ ਹੈ।

ਨੋਡਲ ਅਫ਼ਸਰ-ਕਮ-ਸਕੱਤਰ
ਜਸਟਿਸ (ਰਿਟਾ) ਆਰ. ਐਮ. ਲੋਧਾ ਕਮੇਟੀ
(PACL Ltd. ਦੇ ਮਾਮਲੇ ਸਬੰਧੀ)